D-VC1/22/3783
12-10-2022


ਪੰਜਾਬ ਕਲਾ ਪਰਿਸ਼ਦ

# PUNJAB ARTS COUNCIL

Rose Garden, Sector 16-B, Chandigarh
Phone : 0172-2990043

Dr. Surjit Patar
Chairman

Dr. Lakhvinder Singh Johal
Secretary


ਨੰ: ਪਕਪ-2022/238 ਮਿਤੀ: 4.10.2022

ਵੱਲ

1. ਡੀ ਪੀ ਆਈ (ਕਾਲਜ) ਪੰਜਾਬ
2. ਪੰਜਾਬ ਦੀਆਂ ਸਮੂਹ ਯੂਨੀਵਰਸਿਟੀਆਂ ਦੇ ਨਿਰਦੇਸ਼ਕ ਵਿਦਿਆਰਥੀ ਭਲਾਈ ।
3. ਪੰਜਾਬ ਦੇ ਸਮੂਹ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ ।

ਵਿਸ਼ਾ: ਵਾਰਿਸ ਸ਼ਾਹ ਹੀਰ ਗਾਇਨ ਮੁਕਾਬਲਾ

ਪੰਜਾਬ ਕਲਾ ਪਰਿਸ਼ਦ ਵਲੋਂ ਮਹਾਨ ਪੰਜਾਬੀ ਕਿੱਸਾਕਾਰ ਸਈਅਦ ਵਾਰਿਸ ਸ਼ਾਹ ਦੀ ਤੀਸਰੀ ਜਨਮ ਸ਼ਤਾਬਦੀ ਦੇ ਸੰਬੰਧ ਵਿੱਚ "ਹੀਰ ਵਾਰਿਸ ਗਾਇਨ ਮੁਕਾਬਲਾ" ਕਰਵਾਇਆ ਜਾ ਰਿਹਾ ਹੈ । ਇਸ ਆਨ- ਲਾਈਨ ਮੁਕਾਬਲੇ ਵਿੱਚ 35 ਸਾਲ ਤੱਕ ਦੀ ਉਮਰ ਵਾਲਾ ਕੋਈ ਵੀ ਗਾਇਕ ਹਿੱਸਾ ਲੈ ਸਕਦਾ ਹੈ । ਦੁਨੀਆ ਭਰ ਵਿੱਚੋਂ ਕੋਈ ਵੀ ਗਾਇਕ ਹੀਰ ਵਾਰਿਸ ਦੇ ਕਿਸੇ ਵੀ ਬੰਦ ਦੀ ਰਿਕਾਰਡਿੰਗ ਕਰਕੇ 31 ਅਕਤੂਬਰ, 2022 ਤੱਕ punarts28@gmail.com ਜਾਂ punjabarts28@gmail.com ਉਤੇ ਈਮੇਲ ਕਰ ਸਕਦੇ ਹਨ । ਇਹ ਵੀਡੀਓ ਰਿਕਾਰਡਿੰਗ ਲੱਗਭੱਗ ਛੇ ਮਿੰਟ ਤੱਕ ਦੀ ਹੋਣੀ ਚਾਹੀਦੀ ਹੈ ।

ਇਨ੍ਹਾਂ ਰਿਕਾਰਡਿੰਗਜ਼ ਵਿਚੋਂ ਪਹਿਲੇ ਦਸ ਸਥਾਨ ਹਾਸਲ ਕਰਨ ਵਾਲੇ ਗਾਇਕਾਂ ਨੂੰ ਪਰਿਸ਼ਦ ਵੱਲੋਂ ਕੀਤੇ ਜਾਣ ਵਾਲੇ ਇਕ ਰਾਜ ਪੱਧਰੀ ਸਮਾਗਮ ਵਿੱਚ ਸਨਮਾਨਿਤ ਕੀਤਾ ਜਾਵੇਗਾ । ਇਹਨਾਂ ਨੂੰ ਆਪਣੀ ਗਾਇਕੀ ਪੇਸ਼ ਕਰਨ ਦਾ ਮੌਕਾ ਵੀ ਦਿੱਤਾ ਜਾਵੇਗਾ । ਜੇਕਰ ਕੋਈ ਵਿਦੇਸ਼ ਵਸਦਾ ਗਾਇਕ ਇਨ੍ਹਾਂ ਦਸਾਂ ਵਿੱਚ ਆਵੇਗਾ ਤਾਂ ਉਸ ਦੀ ਵੀਡੀਓ ਰਿਕਾਰਡਿੰਗ ਸਮਾਗਮ ਵਿੱਚ ਦਿਖਾਈ ਜਾਵੇਗੀ ।

ਪਹਿਲੇ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਗਾਇਕਾਂ ਨੂੰ ਕਰਮਵਾਰ ਇਕ ਲੱਖ, ਪੰਜਾਹ ਹਜ਼ਾਰ ਅਤੇ ਤੀਹ ਹਜ਼ਾਰ ਰੁਪਏ ਦੇ ਨਗਦ ਇਨਾਮ ਵੀ ਦਿੱਤੇ ਜਾਣਗੇ ।

ਇਸ ਮੁਕਾਬਲੇ ਦੇ ਕਨਵੀਨਰ ਡਾ. ਨਿਰਮਲ ਜੌੜਾ ਨਾਲ 98140-78799 ਉੱਤੇ ਅਤੇ ਪੰਜਾਬ ਕਲਾ ਪਰਿਸ਼ਦ ਦੇ ਮੀਡੀਆ ਕੁਆਰਡੀਨੇਟਰ ਨਿੰਦਰ ਘੁਗਿਆਣਵੀ ਨਾਲ 94174-21700 ਉੱਤੇ ਸੰਪਰਕ ਕੀਤਾ ਜਾ ਸਕਦਾ ਹੈ ।

ਆਪ ਜੀ ਨੂੰ ਬੇਨਤੀ ਹੈ ਕਿ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਇਸ ਮੁਕਾਬਲੇ ਲਈ ਉਤਸ਼ਾਹਤ ਕੀਤਾ ਜਾਵੇ ਜੀ ।

ਸਾਰਥਿਕ ਹੁੰਗਾਰੇ ਦੀ ਆਸ ਨਾਲ

ਡਾ. ਲਖਵਿੰਦਰ ਸਿੰਘ ਜੌਹਲ
ਸਕੱਤਰ

ਡਾ. ਸੁਰਜੀਤ ਪਾਤਰ
ਚੇਅਰਮੈਨ

DUI to Circulate

Circulate
DUI

Circulated